cfa.vic.gov.au/languages



# ਕੀ ਮੈਂ ਬਾਰਬੀਕਿਯੂ ਕਰ ਸਕਦੀ ਹਾਂ?

**ਇਸ ਤੋਂ ਪਹਿਲਾਂ ਕਿ ਤੁਸੀਂ ਬਾਰਬੀਕਿਯੂ ਦੀ ਵਰਤੋਂ ਕਰੋ ਜਾਂ ਬਾਹਰ ਖਾਣਾ ਪਕਾਉਣ ਲਈ ਅੱਗ ਬਾਲੋ, ਪਹਿਲਾਂ ਪਤਾ ਕਰੋ:**

- **ਕੀ ਅੱਗ ਲੱਗਣ ਦੇ ਖ਼ਤਰੇ ਦੇ ਸਮੇਂ (Fire Danger Period) ਦੀ ਮਿਆਦ ਲਾਗੂ ਹੈ?**
- **ਕੀ ਅੱਗ ਬਾਲਣ ‘ਤੇ ਪੂਰਨ ਪਾਬੰਦੀ ਦਾ ਦਿਨ (Total Fire Ban Day) ਐਲਾਨਿਆ ਗਿਆ ਹੈ?**

**ਸਾਲ ਦੇ ਸਮੇਂ ਅਤੇ ਤੁਸੀਂ ਵਿਕਟੋਰੀਆ ਵਿੱਚ ਕਿੱਥੇ ਹੋ ਇਸ ਗੱਲ ਦੇ ਆਧਾਰ ‘ਤੇ ਖਾਣਾ ਪਕਾਉਣ* ਲਈ ਅੱਗ ਬਾਲਣ ਬਾਰੇ ਨਿਯਮ ਬਦਲ ਸਕਦੇ ਹਨ।**

## ਅੱਗ ਲੱਗਣ ਦੇ ਖ਼ਤਰੇ ਦੇ ਸਮੇਂ

ਅੱਗ ਲੱਗਣ ਦੇ ਖ਼ਤਰੇ ਦੇ ਸਮੇਂ (Fire Danger Period) ਦੌਰਾਨ ਤੁਸੀਂ ਅੱਗ ਨਹੀਂ ਬਾਲ ਸਕਦੇ ਜਾਂ ਖਾਣਾ ਪਕਾਉਣ ਲਈ ਬਾਰਬੀਕਿਯੂ ਦੀ ਵਰਤੋਂ ਨਹੀਂ ਕਰ ਸਕਦੇ ਜਦੋਂ ਤੱਕ ਤੁਸੀਂ ਇਨ੍ਹਾਂ ਨਿਯਮਾਂ ਦੀ ਪਾਲਣਾ ਨਹੀਂ ਕਰ ਰਹੇ ਹੁੰਦੇ ਹੋ:

- ਹਵਾ 10 ਕਿਲੋਮੀਟਰ ਪ੍ਰਤੀ ਘੰਟਾ ਤੋਂ ਘੱਟ ਹੋਣੀ ਚਾਹੀਦੀ ਹੈ।
- ਜੇ ਪੱਤੇ ਹਵਾ ਨਾਲ ਹਿੱਲ ਰਹੇ ਹਨ ਤਾਂ ਅੱਗ ਨਾ ਬਾਲੋ।
- ਅੱਗ ਜਾਂ ਬਾਰਬੀਕਿਯੂ ਨੂੰ ਕਦੇ ਵੀ ਇਕੱਲਾ ਨਾ ਛੱਡੋ। ਇੱਕ ਵਿਅਕਤੀ ਜੋ ਅੱਗ ਬੁਝਾਅ ਸਕਦਾ ਹੈ ਉਸਦਾ ਹਮੇਸ਼ਾ ਅੱਗ ਦੇ ਕੋਲ ਰਹਿਣਾ ਲਾਜ਼ਮੀ ਹੈ।
- ਮੁਕੰਮਲ ਹੋਣ ‘ਤੇ ਬਾਰਬੀਕਿਯੂ ਨੂੰ ਬੰਦ ਕਰਨਾ ਲਾਜ਼ਮੀ ਹੈ ਜਾਂ ਅੱਗ ਨੂੰ ਪੂਰੀ ਤਰ੍ਹਾਂ ਬੁਝਾਉਣਾ ਚਾਹੀਦਾ ਹੈ।

## ਅੱਗ ਬਾਲਣ ‘ਤੇ ਪੂਰਨ ਪਾਬੰਦੀ ਦੇ ਦਿਨਾਂ (Total Fire Ban Days)

ਅੱਗ ਬਾਲਣ ‘ਤੇ ਪੂਰਨ ਪਾਬੰਦੀ ਦੇ ਦਿਨਾਂ (Total Fire Ban Days) ਦੌਰਾਨ ਤੁਸੀਂ ਗੈਸ ਜਾਂ ਇਲੈਕਟ੍ਰਿਕ ਬਾਰਬੀਕਿਯੂ ਦੀ ਵਰਤੋਂ ਕਰ ਸਕਦੇ ਹੋ ਪਰ ਤੁਹਾਡੇ ਲਈ ਲਾਜ਼ਮੀ ਹੈ ਕਿ :

- ਅੱਗ ਲੱਗਣ ਦੇ ਖ਼ਤਰੇ ਦੇ ਸਮੇਂ (Fire Danger Period) ਵਾਲੇ ਸਾਰੇ ਨਿਯਮਾਂ ਦੀ ਪਾਲਣਾ ਕਰੋ ਅਤੇ ਅੱਗ ਬੁਝਾਉਣ ਲਈ ਪਾਣੀ ਤਿਆਰ ਰੱਖੋ।
- ਤੁਹਾਡੇ ਕੋਲ 10 ਲੀਟਰ ਪਾਣੀ ਤਿਆਰ ਹੋਣਾ ਚਾਹੀਦਾ ਹੈ, ਜਾਂ ਟੂਟੀ ਨਾਲ ਜੁੜੀ ਇੱਕ ਪਾਈਪ ਵਰਤੋਂ ਲਈ ਤਿਆਰ ਹੋਣੀ ਚਾਹੀਦੀ ਹੈ।

ਤੁਸੀਂ ਠੋਸ ਬਾਲਣ ਜਿਵੇਂ ਕਿ ਲੱਕੜ ਜਾਂ ਕੋਲਿਆਂ ਦੀ ਵਰਤੋਂ ਕਰਕੇ ਬਾਹਰ ਖਾਣਾ ਨਹੀਂ ਬਣਾ ਸਕਦੇ ਹੋ

- ਅੱਗ ਬਾਲਣ ‘ਤੇ ਪੂਰਨ ਪਾਬੰਦੀ ਦੇ ਦਿਨਾਂ (Total Fire Ban Day) ਦੌਰਾਨ ਇਹਨਾਂ ਬਾਰਬੀਕਿਯੂਜ਼ ਜਾਂ ਅੱਗ ਬਾਲਣ ‘ਤੇ ਪਾਬੰਦੀ ਲਗਾਈ ਜਾਂਦੀ ਹੈ।

ਵਿਕਟੋਰੀਆ ਵਿੱਚ ਬਾਹਰ ਖਾਣਾ ਪਕਾਉਣ ਦੇ ਕਾਨੂੰਨ ਬਾਰੇ ਤੁਹਾਨੂੰ ਹੋਰ ਵੀ ਬਹੁਤ ਕੁੱਝ ਜਾਣਨ ਦੀ ਲੋੜ ਹੋਵੇਗੀ।

**cfa.vic.gov.au/languages** ‘ਤੇ ਜਾਓ।

* ਵਪਾਰਕ ਭੋਜਨ ਵਿਕਰੇਤਾਵਾਂ ‘ਤੇ ਵਿਸ਼ੇਸ਼ ਸ਼ਰਤਾਂ ਲਾਗੂ ਹੁੰਦੀਆਂ ਹਨ। ਵੇਰਵਿਆਂ ਲਈ cfa.vic.gov.au/languages ਦੇਖੋ।

ਹੋਰ ਜਾਣਨ ਲਈ QR ਕੋਡ ਨੂੰ ਸਕੈਨ ਕਰੋ।
**ਇਕੱਠੇ ਮਿਲ ਕੇ ਅਸੀਂ ਅੱਗ ਤੋਂ ਸੁਰੱਖਿਅਤ ਰਹਿ ਸਕਦੇ ਹਾਂ।**